





**TITLE :-**

SITE PLAN FOR THE PLOT ON RAJPURA ROAS TO SIRHIND ROAD BY-PASS, PATIALA

**OWNER :-**

SH. ABHISHEK GUPTA
S/O. NARESH GUPTA
R/O. #NO. 162-A, PUNJABI BAGH,PATIALA

**AREA DETAIL :-**

A = 3X25.30 = 75.9 SQ. M.
B = 2(3X3X1/2 -2/3X4.23X.88) = 4.04 SQ.M
Total area = A+B = 75.9+4.04 = 79.94 SQ.M
OR .0079 HECTARE

**CONSULTANT :-**

AMRINDER SINGH
Registered valuer
Building Designer & Supervisor
By Municipal Corporation, Patiala
Vide Registration No. 917

Amarinder
2/8/25

ਦਫ਼ਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਨੰ: 1, ਭਵਨ ਤੇ ਮਾਰਗ ਸ਼ਾਖਾ, ਪਟਿਆਲਾ

ਈ-ਮੇਲ eepd1ptapwdpb@gmail.com Ph. No. 0175-2356435

ਵੱਲ

ਸ੍ਰੀ ਅਭਿਸ਼ੇਕ ਗੁਪਤਾ ਪੁੱਤਰ ਨਰੇਸ਼ ਗੁਪਤਾ ਲੇਟ

ਸ੍ਰੀ ਅਮਰਨਾਥ ਗੁਪਤਾ, ਵਾਸੀ ਕੋਠੀ ਨੰ. 162-ਏ ਪੰਜਾਬੀ ਬਾਗ,

ਪਟਿਆਲਾ।

ਮੀਮੋ ਨੰ- 13750 ਮਿਤੀ- 22/1/21

ਵਿਸ਼ਾ **ਪਟਿਆਲਾ ਵਿਖੇ ਸਰਹਿੰਦ-ਰਾਜਪੁਰਾ ਬਾਈਪਾਸ ਰੋਡ ਉਪਰ 253.33 ਵਰਗ ਗਜ ਸਾਈਜ ਦੇ ਪਲਾਟ ਲਈ ਰਸਤਾ ਦੇਣ ਲਈ ਐਨ.ਓ.ਸੀ ਲੈਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧੀ ਐਨ.ਓ.ਸੀ ਦੇ ਕੇਸ ਦੀ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ ਨੰ. 2 (ਭ ਤੇ ਮ) ਪਟਿਆਲਾ ਵੱਲੋਂ ਕੀਤੀ ਗਈ ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ ਸ੍ਰੀ ਅਭਿਸ਼ੇਕ ਗੁਪਤਾ ਪੁੱਤਰ ਨਰੇਸ਼ ਗੁਪਤਾ ਲੇਟ ਸ੍ਰੀ ਅਮਰਨਾਥ ਗੁਪਤਾ ਨੂੰ **ਪਟਿਆਲਾ ਵਿਖੇ ਸਰਹਿੰਦ-ਰਾਜਪੁਰਾ ਬਾਈਪਾਸ ਰੋਡ ਉਪਰ 253.33 ਵਰਗ ਗਜ ਸਾਈਜ ਦੇ ਪਲਾਟ ਲਈ ਰਸਤਾ ਦੇਣ ਲਈ ਐਨ.ਓ.ਸੀ** ਲਈ ਮੰਨਜੂਰੀ ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ-

1) ਇਹ ਐਨ.ਓ.ਸੀ 10 ਫੁੱਟ (3 ਮੀਟਰ) ਚੌੜੇ ਰਸਤੇ ਲਈ ਹੈ।
2) ਇਹ ਕੱਚਾ ਰਸਤੇ ਨੂੰ ਤਿਆਰ ਕਰਨ ਲਈ ਖਰਚਾ ਆਪਣੇ ਆਪ ਕਰੋਗੇ ਅਤੇ ਰਸਤਾ ਸੜਕ ਤੋਂ ਉੱਚਾ ਨਹੀਂ ਹੋਣਾ ਚਾਹੀਦਾ/ਢਲਾਣ ਸੜਕ ਵੱਲ ਨਹੀਂ ਹੋਣੀ ਚਾਹੀਦੀ।
3) ਨਿਕਟ ਭਵਿੱਖ ਵਿੱਚ ਜੇਕਰ ਸੜਕ ਨੂੰ ਚੋੜਾ ਕਰਨਾ ਜਾਂ ਕਿਸੇ ਸਰਕਾਰੀ ਕੰਮ ਵਿੱਚ ਸੜਕ ਨੂੰ ਬੰਦ ਕਰਨਾ ਪੈਂਦਾ ਹੈ ਜਾਂ ਹਟਾਉਣਾ ਪੈਂਦਾ ਹੈ। ਇਹ ਸਭ ਤੁਸੀਂ ਆਪਣੇ ਨਿੱਜੀ ਖਰਚੇ ਤੇ ਕਰਵਾ ਕੇ ਦਿਓਗੇ ਅਤੇ ਇਸ ਸਬੰਧੀ ਕੋਈ ਕਲੇਮ ਸਰਕਾਰ ਵਲੋਂ ਨਹੀਂ ਦਿੱਤਾ ਜਾਵੇਗਾ।
4) ਇਹ ਰਸਤੇ ਦੀ ਮੰਨਜੂਰੀ ਅਣ ਪ੍ਰਵਾਨਿਤ ਕਾਲੋਨੀ, ਜਾਂ ਇਮਾਰਤ ਉਸਾਰੀ ਲਈ ਨਹੀਂ ਹੈ।
5) ਰਸਤਾ ਕੱਢਣ ਲਈ ਸਰਕਾਰੀ ਸੁਪਰਵਾਈਜਰ/ਜੇ.ਈ ਦੀ ਮੌਜੂਦਗੀ ਵਿੱਚ ਕਰਵਾਈ ਜਾਵੇ।
6) ਕਿਉਂਕਿ ਸੜਕ ਦੇ ਆਸ ਪਾਸ ਦਰੱਖਤ/ਬੂਟੇ ਆਦਿ ਲੱਗੇ ਹੋਏ ਹਨ। ਇਸ ਲਈ ਐਨ.ਓ.ਸੀ ਵਣ ਵਿਭਾਗ ਤੋਂ ਵੀ ਲੈ ਲਿਆ ਜਾਵੇ। ਇਸ ਲਈ ਐਨ.ਓ.ਸੀ ਵਣ ਵਿਭਾਗ, ਨਗਰ ਨਿਗਮ, ਪਟਿਆਲਾ ਅਤੇ ਹੋਰ ਲੋੜੀਂਦੇ ਵਿਭਾਗਾਂ ਤੋਂ ਐਨ.ਓ.ਸੀ ਲੈਣ ਦੀ ਜ਼ਿੰਮੇਵਾਰੀ ਪ੍ਰਾਰਥੀ ਦੀ ਹੋਵੇਗੀ
7) ਬੇਰਮਿਟਸ ਵਿੱਚ ਲੋੜੀਂਦੇ ਕਰਾਸ ਡਰੇਨੇਜ ਦਾ ਆਪਣੇ ਖਰਚੇ ਉੱਤੇ ਯੋਗ ਪ੍ਰਬੰਧ ਕੀਤਾ ਜਾਵੇ।
8) ਕੋਈ ਵੀ ਉਸਾਰੀ ਕੱਚੀ ਜਾਂ ਪੱਕੀ ਸਰਕਾਰੀ ਜਗ੍ਹਾ ਤੋਂ ਪੰਜ ਮੀਟਰ ਛੱਡ ਕੇ ਅਤੇ ਪ੍ਰਮਾਣਤ ਡਰਾਇੰਗ ਅਨੁਸਾਰ ਕੀਤੀ ਜਾਵੇ।
9) ਮਾਲਕ ਸਮੇਂ ਸਮੇਂ ਤੇ ਆਈ.ਆਰ.ਸੀ ਪੁੱਛਾ ਅਤੇ ਲੋਕ ਨਿਰਮਾਣ ਵਿਭਾਗ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਦਾ ਪਾਬੰਦ ਹੋਵੇਗਾ।
10) ਦੁਕਾਨ ਦਾ ਪਾਣੀ ਜਾਂ ਕੂੜਾ ਕਰਕਟ ਆਦਿ ਸੜਕ ਤੇ ਜਾਂ ਸੜਕ ਦੀਆਂ ਫਰਮਾਂ ਉੱਤੇ ਸੁੱਟਿਆ ਨਾ ਜਾਵੇ।
11) ਸਰਵਿਸ ਰੋਡ ਦੀ ਉਸਾਰੀ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਆਵਾਜਾਈ ਵਿਚ ਕੋਈ ਵਿਘਨ ਨਾ ਪਵੇ ਅਤੇ ਪਬਲਿਕ ਨੂੰ ਕੋਈ ਔਕੜ ਪੇਸ਼ ਨਾ ਆਵੇ।
12) ਜੇਕਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੋਰ ਕੋਈ ਫੰਡਜ ਜਿਵੇਂ ਕਿ ਲੀਜ ਐਗਰੀਮੈਂਟ, ਲੀਜ ਫੀਸ ਜਾਂ ਖਰਚਾ ਜਮ੍ਹਾਂ ਕਰਵਾਉਣਾ ਪੈਂਦਾ ਹੈ ਤਾਂ ਬਿਨੇਕਾਰ ਉਹ ਖਰਚਾ ਤੁਰੰਤ ਪ੍ਰਭਾਵ ਤੋਂ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ। ਜੇਕਰ ਭਵਿੱਖ ਵਿਚ ਬਿਨੇਕਾਰ ਲੀਜ ਫੀਸ ਜਾਂ ਹੋਰ ਖਰਚਾ ਵਿਭਾਗ ਨੂੰ ਜਮਾਂ ਨਹੀਂ ਕਰਾਉਂਦਾ ਤਾਂ ਇਸ ਸੂਰਤ ਵਿਚ ਦੁਕਾਨ ਲਈ ਜਾਰੀ ਕੀਤੀ ਐਨ.ਓ.ਸੀ ਕੈਂਸਲ ਕਰ ਦਿੱਤਾ ਜਾਵੇਗਾ।
13) ਬਿਨੇਕਾਰ ਵੱਲੋਂ ਪੰਜਾਬ ਸਰਕਾਰ ਦੀ ਹਦਾਇਤਾਂ ਅਨੁਸਾਰ 5 ਪੰਜ ਸਾਲਾਂ ਲਈ ਲੋੜੀਂਦੀ ਫੀਸ ਜਮਾਂ ਕਰਵਾ ਦਿੱਤੀ ਗਈ ਹੈ ਅਤੇ ਪੰਜ ਸਾਲ ਤੋਂ ਬਾਅਦ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦੁਬਾਰਾ ਫੀਸ ਜਮਾਂ ਕਰਵਾਉਣ ਉਪਰੰਤ ਹੀ ਇਹ ਐਨ.ਓ.ਸੀ ਰਿਨੀਉ ਕੀਤੀ ਜਾ ਸਕੇਗੀ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ 1ਭ ਤੇ ਮ ਸ਼ਾਖਾ
ਪਟਿਆਲਾ।

ਪਿੱਠ ਅੰਕਣ ਨੰ. ਮਿਤੀ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ. 2 ਪਟਿਆਲਾ ਨੂੰ ਉਹਨਾਂ ਦੇ ਪੱਤਰ ਨੰ. 603 ਮਿਤੀ 11.01.2021 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ 1ਭ ਤੇ ਮ ਸ਼ਾਖਾ
ਪਟਿਆਲਾ।